# ਕਹਾਣੀਕਾਰ ਸੁਖਜੀਤ ਨੂੰ ਸਾਹਿਤ ਅਕਾਦਮੀ ਪੁਰਸਕਾਰ

- ਦਿੱਲੀ ਵਿੱਚ ਕਰਵਾਏ ਸਮਾਗਮ ਦੌਰਾਨ 24 ਭਾਸ਼ਾਵਾਂ ਦੇ ਸਾਹਿਤਕਾਰ ਸਨਮਾਨੇ

ਮਨਧੀਰ ਸਿੰਘ ਦਿਓਲ

ਨਵੀਂ ਦਿੱਲੀ, 11 ਮਾਰਚ

ਸਾਲ 2022 ਦੇ 24 ਭਾਸ਼ਾਵਾਂ ਦੇ ਸਾਹਿਤ ਅਕਾਦਮੀ ਪੁਰਸਕਾਰ ਅੱਜ ਦਿੱਲੀ ਦੇ ਕਮਾਨੀ ਆਡੀਟੋਰੀਅਮ ਵਿੱਚ ਵੰਡੇ ਗਏ। ਪੰਜਾਬੀ ਭਾਸ਼ਾ ਵਿੱਚ ਇਸ ਵਾਰ ਦਾ ਪੁਰਸਕਾਰ ਕਹਾਣੀਕਾਰ ਸੁਖਜੀਤ ਨੂੰ ਉਨ੍ਹਾਂ ਦੀ ਕਿਤਾਬ 'ਮੈਂ ਅਯਨਘੋਸ਼ ਨਹੀਂ' ਲਈ ਦਿੱਤਾ ਗਿਆ। ਕਹਾਣੀਕਾਰ ਨੂੰ ਇੱਕ ਲੱਖ ਰੁਪਏ ਤੇ ਟਰਾਫੀ ਸਨਮਾਨ ਵਜੋਂ ਦਿੱਤੇ ਗਏ। ਪੁਰਸਕਾਰ ਵੰਡਣ ਦੀ ਰਸਮ ਨਵੇਂ ਚੁਣੇ ਗਏ ਚੇਅਰਮੈਨ ਮਾਧਵ ਕੌਸ਼ਿਕ ਤੇ ਮੀਤ ਚੇਅਰਮੈਨ ਲੇਖਿਕਾ ਕੁਮੁਦ ਸ਼ਰਮਾ ਨੇ ਨਿਭਾਈ। ਇਸੇ ਤਰ੍ਹਾਂ ਅੰਗਰੇਜ਼ੀ ਭਾਸ਼ਾ ਵਿੱਚ ਅਨੁਰਾਧਾ ਰਾਇ, ਗੁਜਰਾਤੀ ਵਿੱਚ ਗੁਲ ਮੁਹੰਮਦ ਸ਼ੇਖ, ਹਿੰਦੀ ਵਿੱਚ ਬੱਦਰੀ ਨਰਾਇਣ, ਕਸ਼ਮੀਰੀ ਲਈ ਫ਼ਾਰੂਕ ਫਯਾਜ਼, ਰਾਜਸਥਾਨੀ ਵਿੱਚ ਕਮਲ ਰੰਗਾ ਤੇ ਉਰਦੂ ਭਾਸ਼ਾ ਲਈ ਅਨੀਸ ਅਸ਼ਫ਼ਾਕ ਨੂੰ ਪੁਰਸਕਾਰ ਦਿੱਤਾ ਗਿਆ। ਇਸ ਤੋਂ ਪਹਿਲਾਂ ਕੇਂਦਰੀ ਸੱਭਿਆਚਾਰ ਮੰਤਰੀ ਅਰੁਜਨ ਰਾਮ ਮੇਘਵਾਲ ਵੱਲੋਂ ਅਕਾਦਮੀ ਦੀ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਗਿਆ। ਇਸ ਵਿੱਚ ਅਕਾਦਮੀ ਦੀਆਂ ਸਾਹਿਤਕ ਖੇਤਰ ਵਿੱਚ ਸਰਗਰਮੀਆਂ ਨੂੰ ਪੇਸ਼ ਕੀਤਾ ਗਿਆ। ਅੱਜ ਤੋਂ ਹੀ ਅਕਾਦਮੀ ਵੱਲੋਂ 16 ਮਾਰਚ ਤੱਕ ਚੱਲਣ ਵਾਲੇ ਸਾਹਿਤਕ ਸਮਾਗਮ ਵੀ ਸ਼ੁਰੂ ਹੋਏ ਜਿਨ੍ਹਾਂ ਵਿੱਚ 400 ਲੇਖਕ ਸ਼ਮੂਲੀਅਤ ਕਰ ਰਹੇ ਹਨ। ਪਹਿਲਾ ਸਮਾਗਮ 'ਯੁਵਾ ਸਾਹਿਤੀ' ਬਾਲਮੀਕੀ ਆਡੀਟੋਰੀਅਮ ਵਿੱਚ ਕਰਵਾਇਆ ਗਿਆ ਜਿਸ ਦਾ ਉਦਘਾਟਨੀ ਭਾਸ਼ਣ ਪਦਮਸ੍ਰੀ ਸੁਰਜੀਤ ਪਾਤਰ ਵੱਲੋਂ ਦਿੱਤਾ ਗਿਆ। ਯੁਵਾ ਕਵੀ ਦਰਬਾਰ ਦੌਰਾਨ ਅਦਿੱਤੀ ਬਸੂਰਾਇ (ਬਾਂਗਲਾ), ਨਿਕਿਤਾ ਪਾਰਿਕ (ਅੰਗਰੇਜ਼ੀ), ਭਾਰਗਵ ਠਾਕੁਰ (ਗੁਜਰਾਤੀ), ਸੰਦੀਪ ਕੁਮਾਰ ਤਿਵਾੜੀ (ਹਿੰਦੀ), ਪ੍ਰਬੀਨ ਕਬੀ (ਉੜੀਆ), ਹਰਮਨ (ਪੰਜਾਬੀ), ਵਿਨੀਤਾ ਸ਼ਰਮਾ (ਰਾਜਸਥਾਨੀ) ਤੇ ਅਨਿਲ ਦੁਆਨੀ (ਤੇਲਗੂ) ਨੇ ਆਪਣੇ ਕਲਾਮ ਪੇਸ਼ ਕੀਤੇ।



ਕਹਾਣੀਕਾਰ ਸੁਖਜੀਤ ਦਾ ਸਨਮਾਨ ਕਰਦੇ ਹੋਏ ਮਾਧਵ ਕੌਸ਼ਿਕ।

## ਮਾਧਵ ਕੌਸ਼ਿਕ ਦਿੱਲੀ ਸਾਹਿਤ ਅਕਾਦਮੀ ਦੇ ਚੇਅਰਮੈਨ ਚੁਣੇ

ਸਾਹਿਤ ਅਕਾਦਮੀ ਦਿੱਲੀ ਦੀ ਕਾਰਜਕਾਰਨੀ ਦੀ ਅੱਜ ਪੰਜ ਸਾਲਾਂ ਮਗਰੋਂ ਚੋਣ ਹੋਈ ਜਿਸ ਵਿੱਚ ਹਿੰਦੀ ਲੇਖਕ ਮਾਧਵ ਕੌਸ਼ਿਕ ਨੇ ਕੰਨੜ ਲੇਖਕ ਮਲਨ ਵੈਂਕਟੇਸ਼ ਨੂੰ ਮਾਤ ਦਿੱਤੀ ਤੇ ਇਸ ਵੱਕਾਰੀ ਸਾਹਿਤ ਸੰਸਥਾ ਦੇ ਚੇਅਰਮੈਨ ਚੁਣੇ ਗਏ। ਕੁੱਲ 99 ਵੋਟਾਂ ਵਿਚੋਂ ਮਾਧਵ ਕੌਸ਼ਿਕ ਨੂੰ 60 ਤੇ ਮਲਨ ਨੂੰ 35 ਵੋਟਾਂ ਪਈਆਂ। ਇਸੇ ਦੌਰਾਨ ਮਰਾਠੀ ਲੇਖਕ ਪਠਾਰੇ ਨੂੰ ਤਿੰਨ ਵੋਟਾਂ ਹੀ ਪਈਆਂ। ਇੱਕ ਮੈਂਬਰ ਵੋਟਿੰਗ ਪ੍ਰਕਿਰਿਆ ਦੌਰਾਨ ਪੱਛੜ ਕੇ ਰਵਿੰਦਰ ਭਵਨ (ਮੰਡੀ ਹਾਊਸ, ਨਵੀਂ ਦਿੱਲੀ) ਪਹੁੰਚਿਆ ਜਿਸ ਕਰ ਕੇ ਉਹ ਵੋਟ ਨਾ ਭੁਗਤਾ ਸਕਿਆ। ਇਸੇ ਤਰ੍ਹਾਂ ਮੀਤ ਚੇਅਰਮੈਨ ਦੀ ਚੋਣ ਵੀ ਫਸਵੀਂ ਰਹੀ ਤੇ ਇਸ ਮੁਕਾਬਲੇ ਦੌਰਾਨ ਹਿੰਦੀ ਲੇਖਿਕਾ ਕੁਮੁਦ ਸ਼ਰਮਾ ਨੇ ਮਲਿਆਲਮ ਲੇਖਕ ਰਾਧਾ ਕ੍ਰਿਸ਼ਨ ਨੂੰ ਇੱਕ ਵੋਟ ਨਾਲ ਹਰਾਇਆ। ਕੁਮਦ ਨੂੰ 50 ਤੇ ਰਾਧਾ ਕ੍ਰਿਸ਼ਨ ਨੂੰ 49 ਵੋਟਾਂ ਪਈਆਂ। ਅਸਾਮੀ, ਹਿੰਦੀ, ਕੋਂਕਣੀ, ਮਰਾਠੀ, ਤੇਲਗੂ, ਮੈਥਿਲੀ, ਸੰਸਕ੍ਰਿਤ, ਅੰਗਰੇਜ਼ੀ ਤੇ ਕੰਨੜ ਆਦਿ ਭਾਸ਼ਾਵਾਂ ਲਈ ਵੋਟਾਂ ਰਾਹੀ ਕਨਵੀਨਰ ਚੁਣੇ ਗਏ। ਪੰਜਾਬੀ ਭਾਸ਼ਾ ਲਈ ਡਾ. ਰਵੇਲ ਸਿੰਘ ਸਰਬਸੰਮਤੀ ਨਾਲ ਕਨਵੀਨਰ ਚੁਣੇ ਗਏ। ਡਾ. ਰਵੇਲ ਸਿੰਘ ਦਿੱਲੀ ਸਾਹਿਤ ਅਕਾਦਮੀ ਦੀ ਵਿੱਤ ਕਮੇਟੀ ਦੇ ਮੈਂਬਰ ਵੀ ਚੁਣੇ ਗਏ ਤੇ ਉਨ੍ਹਾਂ ਨੂੰ 44 ਵੋਟਾਂ ਪਈਆਂ ਜਦੋਂ ਕਿ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਲੇਖਕ ਹਰਸ਼ਿਦ ਮਹਿਤਾ ਨੂੰ 26 ਵੋਟਾਂ ਪਈਆਂ।